ਦੇਸ਼-ਵਿਦੇਸ਼ ਵਿਚ ਪੰਜਾਬੀਆਂ ਅਤੇ ਪ੍ਰਵਾਸੀ ਭਾਰਤੀਆਂ ਦਾ ਮਾਣ

20ਵਾਂ ਪੁਰੇਵਾਲ ਖੇਡ ਮੇਲਾ (ਮਿੰਨੀ ਓਲੰਪਿਕਸ) ਹਕੀਮਪੁਰ

ਪੇਸ਼ਕਸ਼ :
ਰਾਜ ਮਜਾਰੀ
ਮਲਕੀਤ ਸਿੰਘ ਬਰਾੜ
ਹਰਪ੍ਰੀਤ ਸਿੰਘ ਲੇਹਿਲ

ਸ: ਸੁਖਬੀਰ ਸਿੰਘ ਬਾਦਲ
ਉਪ ਮੁੱਖ ਮੰਤਰੀ, ਪੰਜਾਬ



ਸ੍ਰੀ ਮਹਿੰਦਰ ਸਿੰਘ ਕੇ.ਪੀ.
ਸੰਸਦ ਮੈਂਬਰ ਅਤੇ ਪ੍ਰਧਾਨ ਪੰਜਾਬ ਕਾਂਗਰਸ

ਰਵਨੀਤ ਸਿੰਘ ਬਿੱਟੂ
ਐਮ ਪੀ ਸ੍ਰੀ ਅਨੰਦਪੁਰ ਸਾਹਿਬ

"ਸਾਨੂੰ ਖੁਸ਼ੀ ਹੈ ਕਿ ਪੇਂਡੂ ਅਤੇ ਵਿਰਾਸਤੀ ਖੇਡਾਂ ਉਤਸ਼ਾਹਿਤ ਕਰਨ ਲਈ ਸ: ਹਰਬੰਸ ਸਿੰਘ ਪੁਰੇਵਾਲ ਹੋਰਾਂ ਦੇ ਹੋਣਹਾਰ ਸਪੁੱਤਰਾਂ ਸ: ਮਲਕੀਤ ਸਿੰਘ ਪੁਰੇਵਾਲ, ਸ: ਚਰਨ ਸਿੰਘ ਪੁਰੇਵਾਲ ਅਤੇ ਸ: ਗੁਰਜੀਤ ਸਿੰਘ ਪੁਰੇਵਾਲ ਹੋਰਾਂ ਵੱਲੋਂ ਦੁਆਬੇ ਦੀ ਧਰਤੀ ਤੇ ਗੁਰੂਆਂ ਪੀਰਾਂ ਦੀ ਚਰਨ ਛੋਹ ਪ੍ਰਾਪਤ ਪਿੰਡ ਹਕੀਮਪੁਰ ਵਿਖੇ ਓਲੰਪਿਕਸ ਖੇਡਾਂ ਵਰਗਾ ਮਹਾਨ ਖੇਡ ਮੇਲਾ ਕਰਾਉਣ ਦਾ ਵੱਡਾ ਉਪਰਾਲਾ ਹਰੇਕ ਸਾਲ ਕਰਾਉਣ ਦਾ ਉੱਦਮ ਕੀਤਾ ਜਾਂਦਾ ਹੈ। ਇਹ ਖੇਡ ਮੇਲਾ ਸਮੁੱਚੇ ਪੰਜਾਬੀਆਂ ਜਾਂ ਭਾਰਤੀਆਂ ਲਈ ਹੀ ਨਹੀਂ, ਵਿਦੇਸ਼ਾਂ ਵਿਚ ਵਸਦੇ ਸਮੁੱਚੇ ਪ੍ਰਵਾਸੀ ਭਾਰਤੀਆਂ ਲਈ ਵੀ ਮਾਣ ਅਤੇ ਉਤਸ਼ਾਹ ਦਾ ਵੱਡਾ ਸੋਮਾ ਹੈ। ਸਾਡੀਆਂ ਸ਼ੁਭ ਇਛਾਵਾਂ ਹਮੇਸ਼ਾ ਇਨ੍ਹਾਂ ਖੇਡਾਂ ਦੇ ਪ੍ਰਬੰਧਕਾਂ ਅਤੇ ਖਿਡਾਰੀਆ ਦੇ ਨਾਲ ਹਨ।"

ਡਾ: ਕੁਲਵੰਤ ਰਾਮਾ ਨਗਰ
ਰੀੜ ਦੀ ਹੱਡੀ ਅਤੇ ਜੋੜਾਂ ਦੇ ਰੋਗਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ

ਸ੍ਰੀ ਮੋਹਨ ਲਾਲ
ਵਿਧਾਇਕ ਹਲਕਾ, ਬੰਗਾ

ਖੇਡਾਂ ਦੀ ਖੁਸ਼ਹਾਲੀ ਨੂੰ ਸਮਰਪਿਤ ਪੁਰੇਵਾਲ ਪਰਿਵਾਰ

ਸ: ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਮਿੰਨੀ ਓਲੰਪਕਿਸ ਦੇ ਨਾਂਅ ਨਾਲ ਜਾਣਿਆ ਜਾਂਦਾ ਪਿੰਡ ਹਕੀਮਪੁਰ ਦਾ ਖੇਡ ਮੇਲਾ ਹੁਣ ਕਿਸੇ ਜਾਣ ਪਛਾਣ ਦਾ ਮੁਹਤਾਜ਼ ਨਹੀਂ ਰਿਹਾ। ਸਾਰੀ ਦੁਨੀਆਂ ਵਿਚ ਪੁਰੇਵਾਲ ਭਰਾਵਾਂ ਦੀ ਵੱਖਰੀ ਪਹਿਚਾਣ ਬਣਾਉਣ ਵਾਲਾ ਇਹ ਖੇਡ ਮੇਲਾ ਹੁਣ ਪੰਜਾਬ ਅਤੇ ਭਾਰਤ ਦੀ ਸ਼ਾਨ ਅਤੇ ਮਾਣ ਦਾ ਪ੍ਰਤੀਕ ਬਣ ਚੁੱਕਾ ਹੈ। ਇਸ ਖੇਡ ਮੇਲੇ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਇਸ ਖੇਡ ਮੇਲੇ ਦੇ ਆਯੋਜਕ ਜਿੱਥੇ ਖ਼ੁਦ ਕੌਮਾਂਤਰੀ ਪੱਧਰ ਦੇ ਵਧੀਆ ਖਿਡਾਰੀ ਰਹੇ ਹਨ। ਉਨ੍ਹਾਂ ਨੇ ਆਪਣੇ ਪਰਿਵਾਰ ਵਿਚ ਅੱਗੋਂ ਬੱਚਿਆਂ ਨੂੰ ਵੀ ਖੇਡਾਂ ਦੀ ਬਹੁਤ ਮਿੱਠੀ ਗੁੜ੍ਹਤੀ ਦਿੱਤੀ ਹੈ। ਜਿਸ ਕਾਰਨ ਉਨ੍ਹਾਂ ਦੀ ਅਗਲੀ ਪੀੜ੍ਹੀ ਵੀ ਖੇਡਾਂ ਦੇ ਖੇਤਰ ਵਿਚ ਨਵੀਆਂ ਪੈੜਾਂ ਪਾ ਰਹੀ ਹੈ। ਇਸ ਪੇਂਡ ਖੇਡ ਮੇਲੇ ਦੀ ਜਾਣਕਾਰੀ ਦਿੰਦਿਆਂ ਇਸ ਦੀ ਵਿਸ਼ਾਲਤਾ ਦਾ ਪਤਾ ਲੱਗਦਾ ਹੈ।

ਫਗਵਾੜਾ ਤੋਂ ਮੁਕੰਦਪੁਰ ਨੂੰ ਜਾਈਏ ਜਾਂ ਬੰਗਾ ਤੋਂ ਅੱਪਰਾ ਵੱਲ ਜਾਈਏ ਨਹਿਰ ਦੇ ਨਾਲ ਮੁਕੰਦਪੁਰ ਤੋਂ ਥੋੜ੍ਹੀ ਵਿੱਥ 'ਤੇ ਮੁਕੰਦਪੁਰ ਤੋਂ ਫਗਵਾੜਾ ਅਤੇ ਅੱਪਰਾ ਵੱਲ ਜਾਂਦੀਆਂ ਦੋ ਸੜਕਾਂ ਦੇ ਨਾਲ ਸਥਿਤ ਹੈ ਪਿੰਡ ਹਕੀਮਪੁਰ। ਪਿੰਡ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਸ ਪਿੰਡ ਦਾ ਮਾਣ ਅਤੇ ਇਤਿਹਾਸ ਵਿੱਚ ਪਹਿਚਾਣ ਦਾ ਕੇਂਦਰ ਵਿਸ਼ਾਲ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਹੁੰਦੇ ਹਨ। ਇਸ ਇਤਿਹਾਸਕ ਪਿੰਡ ਨੂੰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਏ ਜੀ ਅਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨਛੋਹ ਪ੍ਰਾਪਤ ਹੈ। ਇਸ ਪਵਿੱਤਰ ਧਰਤੀ ਤੇ ਗੁਰਦੁਆਰਾ ਨਾਨਕਸਰ ਸੁਸ਼ੋਭਿਤ ਹੈ। ਇਸ ਅਹਿਮ ਇਤਿਹਾਸ ਦੀ ਕਿਤਾਬ 'ਚ ਜੁੜਦੇ ਹੋਰ ਅਹਿਮ ਵਰਕਿਆਂ ਵਿੱਚ ਇੱਕ ਨਾਂ ਹੋਰ ਵਿਸ਼ੇਸ ਤੌਰ ਤੇ ਆਉਂਦਾ ਹੈ, ਉਹ ਹੈ ਭਾਰਤ ਦੇ ਮਸ਼ਹੂਰ ਭਾਰ ਚੁਕਾਵੇ ਸ੍ਰ. ਊਧਮ ਸਿੰਘ ਪੁਰੇਵਾਲ ਦਾ ਜਿਸਦੇ ਜ਼ੋਰ ਦੀ ਧਾਂਕ ਪੂਰੇ ਦੇਸ਼ ਵਿੱਚ ਰਹੀ ਹੈ ਜਦੋਂ ਪਾਕਿਸਤਾਨ ਵੀ ਭਾਰਤ ਦਾ ਇੱਕ ਹਿੱਸਾ ਸੀ।

ਸਾਂਝੇ ਪੰਜਾਬ ਦੇ ਸਰਵੋਤਮ ਵੇਟ ਲਿਫਟਰ-ਬਾਬਾ ਊਧਮ ਸਿੰਘ ਪੁਰੇਵਾਲ

ਮੁੱਢ ਕਦੀਮੋਂ ਕਿਰਸਾਨੀ ਨਾਲ ਸਬੰਧਿਤ ਪਰਿਵਾਰ ਵਿੱਚ ਊਧਮ ਸਿੰਘ ਦਾ ਜਨਮ 1903 ਦੇ ਕਰੀਬ ਹੋਇਆ। ਪਿਤਾ ਸੁੰਦਰ ਸਿੰਘ ਜੀ ਨੇ ਆਪਣੇ ਪੁੱਤਰ ਦੇ ਮੋਹ ਪ੍ਰੇਮ ਹਿੱਤ ਸਿਹਤ ਸੰਭਾਲ ਵਿੱਚ ਕੋਈ ਕਸਰ ਨਹੀਂ ਛੱਡੀ। ਛੋਟੀ ਉਮਰ ਵਿੱਚ ਹੀ ਚੰਗੇ ਜਵਾਨ ਨਿਕਲੇ ਊਧਮ ਸਿੰਘ ਬੜੇ ਸ਼ੌਕ ਨਾਲ ਆਪਣੀ ਖੇਡ ਭਾਰ ਚੁੱਕਣ ਵੱਲ ਰੁਚਿਤ ਹੋਇਆ। ਚੜ੍ਹਦੀ ਉਮਰੇ ਹੀ ਉਸ ਦਾ ਭਾਰ ਚੁੱਕਣ 'ਚ ਕੋਈ ਸਾਨੀ ਨਹੀਂ ਸੀ। ਇਤਿਹਾਸਕ ਖੇਡ ਲਿਖਾਰੀਆਂ ਮੁਤਾਬਕ 21 ਮਣ 15 ਸੇਰ ਦੀ ਮੂੰਗਲੀ ਫੇਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ। ਇਲਾਕੇ ਵਿੱਚੋਂ ਇਸੇ ਚੜ੍ਹਤ ਨਾਲ ਜਦੋਂ ਕੋਈ ਵੀ ਮੁਕਾਬਲੇ ਨਾ ਨਿਤਰਿਆ ਤਾਂ ਊਧਮ ਸਿੰਘ ਨੇ ਦੂਰ-ਦੁਰਾਡੇ ਹੁੰਦੇ ਖੇਡ ਮੇਲਿਆਂ ਵਿੱਚ ਆਪਣੇ ਜ਼ੋਰ ਦੀ ਅਜਮਾਇਸ਼ ਕਰਨੀ ਸ਼ੁਰੂ ਕੀਤੀ। ਇਸੇ ਤਰ੍ਹਾਂ ਦੇਸ਼ 'ਚ ਉਸ ਸਮੇਂ ਕੋਈ ਵੀ ਭਾਰ ਚੁਕਵਾਂ ਨੇੜੇ ਨਾ ਢੁੱਕ ਸਕਿਆ। 1925 ਤੱਕ ਵੀ ਇਹ ਰਿਕਾਰਡ ਕਿਸੇ ਤੋਂ ਨਹੀਂ ਟੁੱਟ ਸਕਿਆ। ਇਸ ਤੋਂ ਪੰਜ ਛੇ ਸਾਲ ਬਾਅਦ ਫਿਰ ਆਪ ਨੇ ਲਾਹੌਰ, ਪਾਕਿਸਤਾਨ ਜਾ ਕੇ ਵੀ ਪ੍ਰਦਰਸ਼ਨ ਕੀਤਾ ਫਿਰ ਨਨਕਾਣਾ ਸਾਹਿਬ ਆ ਕੇ ਆਪਣੇ ਭਾਰ ਚੁੱਕਣ ਦਾ ਸਾਰਾ ਸਮਾਨ ਗੁਰਦੁਆਰਾ ਸਾਹਿਬ ਵਿੱਚ ਰੱਖ ਦਿੱਤਾ ਅਤੇ ਨਾਲ ਹੀ ਇਹ ਸੋਨੇ ਦਾ ਕੈਂਠਾ ਅਤੇ ਪੰਜ ਸੌ ਰੁਪਏ ਦਾ ਇਨਾਮ ਰੱਖ ਦਿੱਤਾ ਕਿ ਜਿਹੜਾ ਵੀ ਇਸ ਭਾਰ ਨੂੰ ਚੁੱਕੇਗਾ ਉਸਨੂੰ ਇਹ ਇਨਾਮ ਦਿੱਤਾ ਜਾਵੇਗਾ। ਕਿਹਾ ਜਾਂਦਾ ਹੈ ਕਿ ਬਹੁਤਿਆਂ ਨੇ ਭਾਰ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਕਿਸੇ ਤੋਂ ਇਹ ਭਾਰ ਨਹੀਂ ਚੁੱਕਿਆ ਗਿਆ। ਪਿੰਡ ਵਾਪਸ ਆ ਕੇ ਉਹ ਹੋਰ ਇਲਾਕੇ ਦੇ ਨੌਜਵਾਨਾਂ ਨੂੰ ਜੋਰ ਕਰਵਾਉਣ ਦਾ ਕੰਮ ਖੇਤੀਬਾੜੀ ਨਾਲ-ਨਾਲ ਕਰਦੇ ਰਹੇ। ਸਾਰੀ ਉਮਰ ਉਨ੍ਹਾਂ ਨੇ ਕਸਰਤ ਕਰਨੀ ਨਹੀਂ ਛੱਡੀ। ਉਮਰ ਦੇ ਸੱਤਵੇਂ ਦਹਾਕੇ ਵਿੱਚ 1965 ਨੂੰ ਆਪ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਪਰ ਆਪਣੇ ਕਰਾਮਾਤਾਂ ਵਾਂਗ ਜਾਪਦੇ ਕਾਰਨਾਮਿਆਂ ਨਾਲ ਉਹ ਅਮਰ ਹੋ ਗਏ ਜਿਨ੍ਹਾਂ ਕਰਕੇ ਉਹਨਾਂ ਨੂੰ ਅੱਜ ਵੀ ਬੜੇ ਮਾਣ (ਬਾਕੀ ਸਫ਼ਾ 5 'ਤੇ)

ਖੇਡਾਂ ਨੂੰ ਉਤਸ਼ਾਹਿਤ ਕਰਨ ਵਿਚ ਪੁਰੇਵਾਲ ਪਰਿਵਾਰ ਦੀਆਂ ਸਤਿਕਾਰਯੋਗ ਬੀਬੀਆਂ ਦਾ ਵੀ ਪ੍ਰਮੁੱਖ ਯੋਗਦਾਨ: ਤਸਵੀਰ ਵਿਚ ਬੀਬੀ ਬਲਵਿੰਦਰ ਕੌਰ ਪੁਰੇਵਾਲ ਆਪਣੇ ਲਾਡਾਂ ਨਾਲ ਪਾਲੇ ਹੋਏ ਪੁੱਤਰ ਤਜਿੰਦਰ ਟੈਰੀ ਪੁਰੇਵਾਲ ਸਪੁੱਤਰ ਸ: ਗੁਰਜੀਤ ਸਿੰਘ ਪੁਰੇਵਾਲ ਨੂੰ ਭਾਰਤ ਕੇਸਰੀ ਦਾ ਖਿਤਾਬ ਜਿੱਤਣ ਉਪਰੰਤ ਪਿਆਰਦੇ ਹੋਏ। ਨਾਲ ਦੀ ਤਸਵੀਰ ਵਿਚ ਬੀਬੀ ਬਲਵਿੰਦਰ ਕੌਰ, ਮਨਜੀਤ ਕੌਰ ਪੁਰੇਵਾਲ, ਗੁਰਦੀਪ ਕੌਰ ਪੁਰੇਵਾਲ ਅਤੇ ਚਰਨਜੀਤ ਕੌਰ ਪੁਰੇਵਾਲ ਲੜਕੀਆਂ ਦੀਆਂ ਕੁਸ਼ਤੀਆਂ ਕਰਾਉਣ ਦੌਰਾਨ ਸ: ਗੁਰਜੀਤ ਸਿੰਘ ਪੁਰੇਵਾਲ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ।

ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਪੁਰੇਵਾਲ ਖੇਡ ਮੇਲੇ ਦੇ ਪ੍ਰਬੰਧਕ ਸ: ਗੁਰਜੀਤ ਸਿੰਘ ਪੁਰੇਵਾਲ, ਸ: ਮਲਕੀਤ ਸਿੰਘ ਪੁਰੇਵਾਲ ਅਤੇ ਹੋਰਾਂ ਨਾਲ ਖੇਡਾਂ ਸੰਬੰਧੀ ਵਿਚਾਰ ਵਟਾਂਦਰੇ ਦੌਰਾਨ।

ਔਰਤਾਂ ਲਈ ਪ੍ਰੇਰਨਾ ਸਰੋਤ-ਮਾਤਾ ਸੁਰਜੀਤ ਕੌਰ

ਮਾਤਾ ਸੁਰਜੀਤ ਕੌਰ ਦਾ ਜਨਮ ਅੱਜ ਤੋਂ 86 ਵਰ੍ਹੇ ਪਹਿਲਾਂ ਦੁਆਬੇ ਦੇ ਕਸਬਾ ਬੰਗਾ ਦੇ ਨਜ਼ਦੀਕ ਪਿੰਡ ਮਜਾਰੀ ਵਿਖੇ ਬੜਦਾਰ ਨੱਥਾ ਸਿੰਘ ਦੇ ਘਰ ਹੋਇਆ। ਆਪ ਚਾਰ ਭਰਾਵਾਂ ਉਜਾਗਰ ਸਿੰਘ, ਤਾਰਾ ਸਿੰਘ, ਬਖਸ਼ੀਸ਼ ਸਿੰਘ ਤੇ ਸੰਸਾਰ ਸਿੰਘ ਅਤੇ ਤਿੰਨ ਭੈਣਾਂ ਬੰਤ ਕੌਰ, ਪ੍ਰੀਤਮ ਕੌਰ, ਸਵਰਨ ਕੌਰ ਦੀ ਪਿਆਰੀ ਭੈਣ ਸੀ। ਮਾਤਾ ਸੁਰਜੀਤ ਕੌਰ ਦੀ ਸ਼ਾਦੀ ਦੁਆਬੇ ਦੇ ਇਤਿਹਾਸਕ ਪਿੰਡ ਹਕੀਮਪੁਰ ਦੇ ਨਿਵਾਸੀ ਸ. ਹਰਬੰਸ ਸਿੰਘ ਨਾਲ ਹੋਈ। ਜੋ ਆਪਣੇ ਜ਼ਮਾਨੇ ਦੇ ਉੱਘੇ ਟਰਾਂਸਪੋਰਟਰ ਤੇ ਖੇਡ ਪ੍ਰੇਮੀ ਸਨ। ਸ੍ਰ. ਹਰਬੰਸ ਸਿੰਘ ਦੇ ਪਿਤਾ ਸਰਦਾਰ ਊਧਮ ਸਿੰਘ ਆਪਣੇ ਜ਼ਮਾਨੇ ਦੇ ਉੱਚ ਕੋਟੀ ਦੇ ਭਾਰ ਤੋਲਕ ਰਹੇ ਸਨ। ਸ੍ਰ. ਹਰਬੰਸ ਸਿੰਘ ਕਈ ਸਾਲ ਟਰੱਕ ਯੂਨੀਅਨ ਬੰਗਾ ਦੇ ਪ੍ਰਧਾਨ ਵੀ ਰਹੇ। ਉਹਨਾਂ ਦਾ ਦਿਹਾਂਤ 1978 ਵਿੱਚ ਹੋਇਆ। ਪਤੀ ਦੇ ਦਿਹਾਂਤ ਤੋਂ ਬਾਅਦ ਮਾਤਾ ਜੀ ਆਪਣੇ ਪੁੱਤਰਾਂ ਕੋਲ ਕੈਨੇਡਾ ਚਲੇ ਗਏ। ਮਾਤਾ ਜੀ ਨੇ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਵੱਲ ਉਚੇਚਾ ਧਿਆਨ ਦਿੱਤਾ। ਅਪ ਜੀ ਦੀ ਵਧੀਆ ਸੋਚ ਅਤੇ ਪਾਲਣ ਪੋਸ਼ਣ ਦੇ ਕਾਰਨ ਤਿੰਨੇ ਪੁੱਤਰ ਚਰਨ ਸਿੰਘ, ਮਲਕੀਤ ਸਿੰਘ, ਗੁਰਜੀਤ ਸਿੰਘ ਖੇਡ ਜਗਤ ਦੇ ਹੀਰੇ ਬਣੇ। ਮਾਤਾ ਸੁਰਜੀਤ ਕੌਰ ਹਮੇਸ਼ਾਂ ਹੀ ਗਰੀਬਾਂ ਦੀ ਮਦਦ ਕਰਕੇ ਖੁਸ਼ ਰਹਿੰਦੇ ਸਨ। ਉਹ ਦੇਸ਼ ਹੋਵੇ ਜਾਂ ਵਿਦੇਸ਼ ਹੋਵੇ ਆਪਣੀ ਜਨਮ ਭੂਮੀ ਨਾਲ ਜੁੜੇ ਰਹਿੰਦੇ ਹਨ। ਜਦੋਂ ਵੀ ਕਿਸੇ ਲੋੜਵੰਦ ਲੜਕੀ ਦੀ ਸ਼ਾਦੀ ਹੁੰਦੀ ਹੈ ਉਹ ਆਰਥਿਕ ਤੌਰ ਤੇ ਮਦਦ ਕਰਦੇ ਰਹਿੰਦੇ ਸਨ। ਮਾਤਾ ਸੁਰਜੀਤ ਕੌਰ ਵਿਕਾਸ ਦੇ ਕੰਮਾਂ ਵੱਲ ਵੀ ਵਿਸ਼ੇਸ਼ ਧਿਆਨ ਦਿੰਦੇ ਰਹਿੰਦੇ ਸਨ। ਉਹ ਆਰਥਿਕ ਤੌਰ ਤੇ ਗਰੀਬ ਦੀ ਮਦਦ ਕਰਦੇ ਰਹਿੰਦੇ ਸਨ।

ਖੇਡਾਂ ਵੱਲ ਤਾਂ ਉਨ੍ਹਾਂ ਦਾ ਧਿਆਨ ਹਰ ਸਮੇਂ ਰਹਿੰਦਾ ਸੀ ਕਿਉਂਕਿ ਖੇਡਾਂ ਨਾਲ ਪਿਆਰ ਉਨ੍ਹਾਂ ਨੂੰ ਜੱਦੀ-ਪੁਸ਼ਤੀ ਸੀ। ਆਪਣੀ ਦਸ ਨੁਹਾਂ ਦੀ ਕਿਰਤ ਕਮਾਈ ਵਿੱਚੋ ਦਸਵੰਧ ਕੱਢ ਕੇ ਉਹ ਆਪਣੇ ਪਿੰਡ ਵਿੱਚ ਪੇਂਡੂ ਖੇਡ ਮੇਲਾ ਆਪਣੇ ਤਿੰਨਾਂ ਪੁੱਤਰਾਂ ਦੇ ਸਹਿਯੋਗ ਨਾਲ ਹਰੇਕ ਸਾਲ ਕਰਵਾਉਂਦੇ ਸਨ। ਇਹ ਪੇਂਡੂ ਖੇਡ ਮੇਲਾ ਕਿਸੇ ਸਭਾ, ਸਰਕਾਰ ਦੇ ਸਹਿਯੋਗ ਤੋਂ ਬਿਨਾਂ ਹੀ ਕਰਵਾਉਂਦੇ ਸਨ। ਇਹ ਪੇਂਡੂ ਖੇਡ ਮੇਲਾ ਮਿੰਨੀ ਓ ਪਿਕ ਦਾ ਰੂਪ ਧਾਰਨ ਕਰ ਚੁੱਕਾ ਹੈ। ਮਾਤਾ ਸੁਰਜੀਤ ਕੌਰ ਪੁਰੇਵਾਲ ਜੀ ਸਰੀਰਕ ਤੌਰ ਤੇ ਭਾਵੇਂ ਉਹ ਸਾਥੋਂ ਵਿਛੜ ਗਏ ਹਨ ਪਰ ਅੱਜ ਵੀ ਉਨ੍ਹਾਂ ਦੀਆਂ ਯਾਦਾਂ ਸਾਡੇ ਦਿਲਾਂ 'ਚ ਸਮੋਈਆਂ ਹੋਈਆਂ ਹਨ, ਉਨ੍ਹਾਂ ਦੀ ਨਸੀਹਤ ਦਾ ਹੀ ਸਿੱਟਾ ਹੈ। ਕਿ ਅੱਜ ਵੀ ਪੁਰੇਵਾਲ ਦੀ ਅਗਲੀ ਪੀੜ੍ਹੀ ਜੋ ਪੰਜ ਪੋਤੇ ਗੁਰਦਾਵਰ ਸਿੰਘ, ਹਰਮਨ ਸਿੰਘ, ਚਮਕੌਰ ਸਿੰਘ, ਪਰਮਿੰਦਰ ਸਿੰਘ, ਤਜਿੰਦਰ ਸਿੰਘ ਖੇਡ ਸੰਸਾਰ 'ਚ ਪਰਿਵਾਰ ਦਾ ਨਾਂ ਹੋਰ ਉੱਚਾ ਕਰਨ ਲਈ ਤੱਤਪਰ ਹਨ।

ਸ.ਫਲ ਉੱਦਮੀ ਸਨ ਹਰਬੰਸ ਸਿੰਘ ਪੁਰੇਵਾਲ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮਹੱਤਵਪੂਨ ਕਸਬਾ ਮੁਕੰਦਪੁਰ ਨੇੜਲੇ ਪਿੰਡ ਹਕੀਮਪੁਰ ਦਾ ਖੇਡਾਂ ਨੂੰ ਸਮਰਪਿਤ 'ਪੁਰੇਵਾਲ ਪਰਿਵਾਰ' ਅੱਜ ਦੇਸ਼ ਵਿਦੇਸ਼ ਵਿੱਚ ਜਾਣ ਪਹਿਚਾਣ ਦਾ ਮੁਹਤਾਜ਼ ਨਹੀਂ ਹੈ। ਇਸ ਪਰਿਵਾਰ ਦੇ ਪੁਰਖੇ ਸ੍ਰ. ਊਧਮ ਸਿੰਘ ਪੁਰੇਵਾਲ ਨੇ ਖੇਡਾਂ ਦੇ ਖੇਤਰ ਵਿੱਚ ਨਵੇ ਰਿਕਾਰਡ ਕਾਇਮ ਕੀਤੇ ਉਥੇ ਉਨ੍ਹਾਂ ਦੇ ਸਪੁੱਤਰ ਹਰਬੰਸ ਸਿੰਘ ਨੇ ਆਪਣੇ ਪਿਤਾ ਦੇ ਸਵਰਗਵਾਸ ਹੋਣ ਤੋਂ ਪਹਿਲਾਂ ਹੀ ਆਪਣੇ ਪਰਿਵਾਰਕ ਜੀਵਨ 'ਚ ਕਾਰੋਬਾਰ ਨੂੰ ਹੀ ਪਹਿਲ ਦਿੱਤੀ। ਪਰਿਵਾਰ ਦਾ ਸੰਤੁਲਨ ਬਣਾਈ ਰੱਖਣ ਲਈ ਆਪਣੀ ਮਿਹਨਤ ਦੀ ਕਮਾਈ ਨਾਲ ਆਪਣੇ ਤਿੰਨ ਪੁੱਤਰਾਂ ਚਰਨ ਸਿੰਘ ਪੁਰੇਵਾਲ, ਮਲਕੀਤ ਸਿੰਘ ਪੁਰੇਵਾਲ, ਗੁਰਜੀਤ ਸਿੰਘ ਪੁਰੇਵਾਲ ਨੂੰ ਆਪਣੇ ਪਿਤਾ ਜੀ ਵਾਲੇ ਰਾਹ ਤੋਰਿਆ। ਕਦੇ ਵੀ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ। ਯੂਨੀਵਰਸਿਟੀ ਪੱਧਰ ਤੱਕ ਪੜ੍ਹਾਈ ਕਰਵਾਈ ਅਤੇ ਖੇਡ ਖੇਤਰ ਵਿੱਚ ਤਿੰਨ ਭਰਾ ਕੁਸ਼ਤੀ ਅਤੇ ਕਬੱਡੀ ਦੇ ਧਨੰਤਰ ਖਿਡਾਰੀ ਬਣੇ ਜਿਨ੍ਹਾਂ ਨੇ ਆਪਣੀ ਮਿਸਾਲ ਆਪ ਬਣ ਕੇ ਦਿਖਾਇਆ। ਸ੍ਰ. ਹਰਬੰਸ ਸਿੰਘ ਜੀ ਨੇ 1950 ਦੇ ਕਰੀਬ ਇੱਟਾਂ ਦੇ ਭੱਠੇ ਦੀ ਮਲਕੀਅਤ ਦੇ ਨਾਲ-ਨਾਲ ਟਰੱਕਾਂ ਦਾ ਬਿਜ਼ਨੈੱਸ ਵੀ ਕੀਤਾ। ਬੰਗਾ ਟਰੱਕ ਯੂਨੀਅਨ ਦੇ ਕਈ ਸਾਲ ਪ੍ਰਧਾਨ ਵੀ ਰਹੇ। ਉਸ ਸਮੇਂ ਜਲੰਧਰ ਜ਼ਿਲ੍ਹੇ ਦੀਆਂ ਚੱਲਦੀਆਂ ਚਾਰ ਪ੍ਰਾਈਵੇਟ ਬੱਸਾਂ ਵਿੱਚੋਂ ਇੱਕ ਬੱਸ ਹਕੀਮਪੁਰ ਦੇ ਉਸ ਪੁਰੇਵਾਲ ਪਰਿਵਾਰ ਦੀ ਸੀ। ਇਸ ਬਾਰੇ ਕਾਰੋਬਾਰੀ ਢਾਂਚੇ ਨੂੰ ਚਲਾਉਣ ਲਈ ਆਪ ਦੀ ਪਤਨੀ ਸ੍ਰੀਮਤੀ ਸੁਰਜੀਤ ਕੌਰ ਦਾ ਸਹਿਯੋਗੀ ਸਾਥ ਹਮੇਸ਼ਾਂ ਰਿਹਾ। ਸਰੀਰਕ ਤੌਰ ਤੇ ਭਾਵੇਂ ਉਹ ਸਾਥੋਂ ਵਿਛੜ ਗਏ ਪਰ ਅੱਜ ਵੀ ਉਨ੍ਹਾਂ ਦੀਆਂ ਯਾਦਾਂ ਸਾਡੇ ਦਿਲਾਂ 'ਚ ਸਮੋਈਆਂ ਹੋਈਆਂ ਹਨ। ਉਹਨਾਂ ਦੀ ਨਸੀਅਤ ਦਾ ਹੀ ਸਿੱਟਾ ਹੈ ਕਿ ਅੱਜ ਅਗਲੀ ਪੀੜ੍ਹੀ 'ਚੋਂ ਪੰਜ ਪੋਤੇ ਗੁਰਦਾਵਰ ਸਿੰਘ, ਹਰਮਨ ਸਿੰਘ, ਚਮਕੌਰ ਸਿੰਘ, ਪਰਮਿੰਦਰ ਸਿੰਘ, ਤਜਿੰਦਰ ਸਿੰਘ ਖੇਡ ਸੰਸਾਰ 'ਚ ਪਰਿਵਾਰ ਦਾ ਨਾਂ ਹੋਰ ਉੱਚਾ ਕਰਨ ਲਈ ਤੱਤਪਰ ਹਨ।

ਖੇਡਾਂ ਨਾਲ ਖੇਤੀ ਵਿਚ ਵੀ ਨਵੇਂ ਰਿਕਾਰਡ ਕਾਇਮ ਕੀਤੇ ਪੁਰੇਵਾਲ ਭਰਾਵਾਂ ਨੇ

ਸ੍ਰ. ਗੁਰਜੀਤ ਸਿੰਘ ਪੁਰੇਵਾਲ ਦਾ ਪਰਿਵਾਰ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਹੀ ਸਰਗਰਮ ਨਹੀਂ ਹੈ ਬਲਕਿ ਕਿਸਾਨੀ ਖੇਤਰ ਵਿੱਚ ਵੀ ਵਿਦੇਸ਼ੀ ਧਰਤੀ ਤੇ ਆਪਣੀ ਹੋਣਹਾਰਤਾ ਦੀਆਂ ਵੱਖਰੀਆਂ ਮਿਸਾਲਾਂ ਕਾਇਮ ਕਰ ਰਿਹਾ ਹੈ। ਬਲਿਊ ਬੇਰੀ ਦੀ ਕਾਸ਼ਤ ਅਤੇ ਵੱਖ-ਵੱਖ ਦੇਸ਼ਾਂ ਨੂੰ ਸਪਲਾਈ ਕਰਨ ਵਿੱਚ ਪੁਰੇਵਾਲ ਭਰਾ ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਧ ਸਫਲ ਕਾਰੋਬਾਰੀ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ ਪੁਰੇਵਾਲ ਭਰਾਵਾਂ ਨੂੰ "ਬਲਿਊ ਬੇਰੀ ਕਿੰਗ" ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰ. ਗੁਰਜੀਤ ਸਿੰਘ ਪੁਰੇਵਾਲ, ਮਲਕੀਤ ਸਿੰਘ ਅਤੇ ਸ੍ਰ. ਚਰਨ ਸਿੰਘ ਜੋ 1979 ਵਿੱਚ ਬ੍ਰਿਟਿਸ਼ ਕੋਲੰਬੀਆ ਬ੍ਰਿਟਿਸ਼ ਕੈਨੇਡਾ ਵਿਖੇ ਗਏ ਸਨ ਨੇ 1981 ਵਿੱਚ ਹਜ਼ਾਰ ਏਕੜ ਜ਼ਮੀਨ 'ਤੇ ਬਲਿਊ ਬੇਰੀ ਦੀ ਕਾਸ਼ਤ ਸ਼ੁਰੂ ਕੀਤੀ ਸੀ। ਕੈਨੇਡਾ ਵਿੱਚ ਸਭ ਤੋਂ ਵੱਡਾ ਬਲਿਊ ਬੇਰੀ ਕਾਸ਼ਤ ਦਾ ਫਾਰਮ ਚਲਾਉਣ ਦੇ ਨਾਲ-ਨਾਲ ਪੁਰੇਵਾਲ ਭਰਾ ਬਲਿਊ ਬੇਰੀ ਦੇ ਪ੍ਰੋਸੈਸਿੰਗ ਯੂਨਿਟ ਚਲਾ ਰਹੇ ਹਨ। ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬਲਿਊ ਬੇਰੀ ਜਪਾਨ ਨੂੰ ਸਭ ਤੋਂ ਵੱਧ ਭੇਜੀ ਜਾਂਦੀ ਹੈ। ਇਸਦੇ ਇਲਾਵਾ ਹੋਰ ਅਨੇਕਾਂ ਦੇਸ਼ ਵੀ ਇਸਦੇ ਵੱਡੇ ਗਾਹਕ ਹਨ। ਪੁਰੇਵਾਲ ਅਨੁਸਾਰ ਬਲਿਊ ਬੇਰੀ ਦਾ ਇਹ ਟਰੂ ਅੱਖਾਂ ਦੀ ਨਜ਼ਰ ਲਈ ਬਹੁਤ ਲਾਭਦਾਇਕ ਹੈ। ਪੁਰੇਵਾਲ ਅਨੁਸਾਰ ਬਲਿਊ ਬੇਰੀ ਦੀ ਭਾਰਤ ਵਿੱਚ ਕਾਸ਼ਤ ਲਈ ਹਿਮਾਚਲ ਵਿੱਚ ਵਾਤਾਵਰਣ ਢੁਕਵਾਂ ਹੈ। ਉਹਨਾਂ ਕਿਹਾ ਕਿ ਹਿਮਾਚਲ ਵਿੱਚ ਇਸਦੀ ਕਾਸ਼ਤ ਕਰਨ ਸਬੰਧੀ ਯੋਜਨਾ ਬਣਾ ਰਹੇ ਹਨ।

ਪੁਜੀਸ਼ਨਾਂ ਲਿਆਓ-ਨਗਦ ਇਨਾਮ ਜਿੱਤੋ

ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਹਰ ਖਿਡਾਰੀ ਨੂੰ ਉਤਸ਼ਾਹਿਤ ਕਰਨਾ ਸਾਡਾ ਮੁੱਖ ਧਰਮ-ਪੂਰੇਵਾਲ

ਅੱਜ ਦੀ ਅਵਾਜ਼ ਨਾਲ ਗੱਲਬਾਤ ਕਰਦਿਆਂ ਸ੍ਰ. ਗੁਰਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਪੰਜਾਬ ਦੀਆਂ ਮਾਣ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਉਹ ਜਿੰਨਾ ਹੁਣ ਬੱਜਟ ਖਰਚ ਕਰਦੇ ਹਨ, ਇਸ ਤੋਂ ਕਈ ਗੁਣਾ ਹੋਰ ਵੀ ਖਰਚ ਕਰ ਸਕਦੇ ਹਨ, ਜੇਕਰ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਬਣਦਾ ਸਹਿਯੋਗ ਦੇਣ ਲਈ ਤਿਆਰ ਹੋਵੇ। ਉਨ੍ਹਾਂ ਕਿਹਾ ਕਿ ਅਸੀਂ ਪੇਂਡੂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਪੇਂਡੂ ਖੇਡ ਅਕੈਡਮੀ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹਾਂ। ਸਿਰਫ ਸਰਕਾਰ ਵੱਲੋਂ ਮਾਨਤਾ ਦੀ ਲੋੜ ਹੈ। ਇਸ ਖੇਡ ਅਕੇਡਮੀ ਵਿੱਚ ਸਾਰੀਆਂ ਪੇਂਡੂ ਖੇਡਾਂ ਦੀ ਸਿਖਲਾਈ ਦੇਣ ਲਈ ਉਚਿਤ ਪ੍ਰਬੰਧ ਕੀਤੇ ਜਾਣਗੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਅ ਕੇ ਖੇਡਾਂ ਵਿੱਚ ਲਗਾਉਣ ਨਾਲ ਪੰਜਾਬ ਦੀ ਬਹੁਪੱਖੀ ਖੁਸ਼ਹਾਲੀ ਵਿੱਚ ਵਾਧਾ ਹੋਵੇਗਾ।

ਸਰਕਾਰ ਸਹਿਯੋਗ ਦੇਵੇ ਤਾਂ ਹਰ ਪੇਂਡੂ ਖੇਡ ਨੂੰ ਕੌਮਾਂਤਰੀ ਖੇਡ ਬਣਾ ਸਕਣ ਦੀ ਸ਼ਕਤੀ ਰੱਖਦੇ ਹਾਂ

ਸ: ਗੁਰਜੀਤ ਸਿੰਘ ਪੁਰੇਵਾਲ ਦਾ ਕਹਿਣਾ ਹੈ ਕਿ ਮੌਜੂਦਾ ਕੋਚਿੰਗ ਵਿਚ ਆਧੁਨਿਕ ਤਕਨੀਕ ਦਾ ਘਾਟ ਹੈ। ਅਕਸਰ ਆਧੁਨਿਕ ਤਕਨੀਕ ਸਾਡੇ ਖਿਡਾਰੀਆਂ ਤੱਕ ਦੇਰ ਨਾਲ ਪਹੁੰਚਦੀ ਹੈ। ਜਿਸ ਕਾਰਨ ਸਾਡੇ ਖਿਡਾਰੀ ਆਧੁਨਿਕ ਤਕਨੀਕ ਦੀ ਘਾਟ ਕਾਰਨ ਪਿੱਛੇ ਰਹਿ ਜਾਂਦੇ ਹਨ। ਸਰਕਾਰ ਨੂੰ ਇਸ ਪੱਖੋਂ ਅਵੇਸਲੇ ਨਹੀਂ ਹੋਣਾ ਚਾਹੀਦਾ। ਸਰਕਾਰ ਨੂੰ ਚਾਹੀਦਾ ਹੈ ਕਿ ਆਧੁਨਿਕ ਤਕਨੀਕ ਵਾਸਤੇ ਕੁਝ ਕੋਚਾਂ ਨੂੰ ਵਿਦੇਸ਼ ਭੇਜ ਕੇ ਉਧਰੋਂ ਆਧੁਨਿਕ ਤਕਨੀਕ ਸਿਖਾਉਣ ਤੇ ਫਿਰ ਅੱਗੇ ਖਿਡਾਰੀਆਂ ਤੱਕ ਪਹੁੰਚਾਉਣ। ਸਿਫਾਰਸ਼ੀ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਖੇਡਾਂ 'ਚ ਨਾ ਭੇਜਿਆ ਜਾਵੇ। ਸਗੋਂ ਉਨ੍ਹਾਂ ਨੂੰ ਹੀ ਭੇਜਿਆ ਜਾਵੇ ਜਿਹੜੇ ਯੋਗਤਾ ਰੱਖਦੇ ਹਨ। ਫਿਰ ਸਾਡੇ ਖਿਡਾਰੀ ਖੇਡਾਂ ਦੇ ਹਰ ਖੇਤਰ 'ਚ ਅੱਗੇ ਹੋਣਗੇ। ਉਨ੍ਹਾਂ ਦੱਸਿਆ ਕਿ ਕੁਸ਼ਤੀ ਦੇ ਵਧੀਆ ਖਿਡਾਰੀ ਤਿਆਰ ਕਰਨ ਲਈ ਅਸੀਂ ਕੈਨੇਡਾ ਵਿੱਚ ਬੀ.ਸੀ. ਕਬੱਡੀ ਐਂਡ ਕਲਚਰਲ ਨਾਂ ਦੀ ਸੰਸਥਾ ਬਣਾਈ ਹੋਈ ਹੈ ਜਿਸ ਦੇ ਪ੍ਰਧਾਨ ਵੱਡੇ ਵੀਰ ਮਲਕੀਤ ਸਿੰਘ ਹਨ ਅਤੇ ਹਰਗੋਬਿੰਦ ਰੈਸਲਿੰਗ ਕਲੱਬ ਵੀ ਖੋਲ੍ਹਿਆ ਹੈ। ਜਿਸ ਵਿੱਚ ਸਾਡੇ ਵਿਸ਼ੇਸ਼ ਤੌਰ 'ਤੇ ਸਹਿਯੋਗੀ ਹਨ ਸਤਨਾਮ ਸਿੰਘ ਜੌਹਲ। ਉਨ੍ਹਾਂ ਦੱਸਿਆ ਕਿ ਆਪਣੇ ਜੱਦੀ ਪਿੰਡ ਹਕੀਮਪੁਰ ਵਿਖੇ ਸਵ: ਸ: ਹਰਬੰਸ ਸਿੰਘ ਪੁਰੇਵਾਲ ਸਪੋਰਟਸ ਅਕੈਡਮੀ ਹਕੀਮਪੁਰ ਬਣਾਈ ਹੋਈ ਹੈ ਜਿੱਥੇ ਇਲਾਕੇ ਦੇ ਬੱਚਿਆਂ ਨੂੰ ਕੁਸ਼ਤੀਆਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਭਾਰਤ ਸਰਕਾਰ ਵੱਲੋਂ ਅੰਤਰਰਾਸ਼ਟਰੀ ਕੁਸ਼ਚੀ ਕੋਚ ਪਹਿਲਵਾਨ ਸੁਰੇਸ਼ ਮਾਨ ਨੂੰ ਬਤੌਰ ਕੋਚ ਭੇਜਿਆ ਹੈ ਉਹ ਆਪ ਵੀ ਵਿਸ਼ਵ ਦੇ ਸਿਲਵਰ ਮੈਡਲ ਰਹੇ ਹਨ। ਕਈ ਵਾਰ ਨੈਸ਼ਨਲ ਚੈਂਪੀਅਨਸ਼ਿਪ, ਤਿੰਨ ਵਾਰ ਲਗਾਤਾਰ ਆਲ ਇੰਡੀਆ ਇੰਟਰ ਯੂਨੀਵਰਸਿਟੀ ਗੋਲਡ ਮੈਡਲ ਜਿੱਤੇ ਹਨ। ਸਕੂਲਾਂ ਦੇ ਨੈਸ਼ਨਲ ਪੱਧਰ ਦੇ ਪੰਜ ਵਾਰ ਗੋਲਡ ਮੈਡਲ ਜਿੱਤ ਚੁੱਕਾ ਹੈ। ਇਹ ਬੱਚਿਆਂ ਨੂੰ ਆਧੁਨਿਕ ਟ੍ਰੇਨਿੰਗ (ਬਾਕੀ ਸਫ਼ਾ 5 'ਤੇ)

ਪੁਰੇਵਾਲ ਕੁਸ਼ਤੀ ਅਕੈਡਮੀ ਹਕੀਮਪੁਰ ਵਲੋਂ ਕੁਸ਼ਤੀ ਦੇ ਖੇਤਰ ਵਿਚ ਅਕੈਡਮੀ ਦੇ ਪਹਿਲਵਾਨਾਂ ਵਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਪੁਜੀਸ਼ਨਾਂ ਹਾਸਿਲ ਕਰਨ ਤੇ ਦਿੱਤੇ ਜਾਣ ਵਾਲੇ ਨਗਦ ਇਨਾਮਾਂ ਦੀ ਸੂਚੀ

ਸੀਨੀਅਰ	ਜੂਨੀਅਰ	ਸਬ. ਜੂਨੀਅਰ	ਪੇਂਡੂ	ਯੂਨੀਵਰਸਿਟੀ	ਸਕੂਲ
ਨੈਸ਼ਨਲ	ਨੈਸ਼ਨਲ	ਨੈਸ਼ਨਲ	ਨੈਸ਼ਨਲ	ਇੰਟਰ-ਯੂਨੀਵਰਸਿਟੀ	ਨੈਸ਼ਨਲ
ਪਹਿਲਾ-41000 ਰੁਪਏ ਦੂਜਾ- 31000 ਰੁਪਏ ਤੀਜਾ- 25000 ਰੁਪਏ	ਪਹਿਲਾ-21000 ਰੁਪਏ ਦੂਜਾ- 15000 ਰੁਪਏ ਤੀਜਾ- 11000 ਰੁਪਏ	ਪਹਿਲਾ-15000 ਰੁਪਏ ਦੂਜਾ- 11000 ਰੁਪਏ ਤੀਜਾ- 7100 ਰੁਪਏ	ਪਹਿਲਾ-11000 ਰੁਪਏ ਦੂਜਾ- 7100 ਰੁਪਏ ਤੀਜਾ- 5100 ਰੁਪਏ	ਪਹਿਲਾ-21000 ਰੁਪਏ ਦੂਜਾ- 15000 ਰੁਪਏ ਤੀਜਾ- 11000 ਰੁਪਏ	ਪਹਿਲਾ-11000 ਰੁਪਏ ਦੂਜਾ- 7100 ਰੁਪਏ ਤੀਜਾ- 5100 ਰੁਪਏ
ਸਟੇਟ	ਸਟੇਟ	ਸਟੇਟ	ਸਟੇਟ	ਸਟੇਟ	ਸਟੇਟ
ਪਹਿਲਾ-15000 ਰੁਪਏ ਦੂਜਾ- 11000 ਰੁਪਏ ਤੀਜਾ- 7100 ਰੁਪਏ	ਪਹਿਲਾ- 7100 ਰੁਪਏ ਦੂਜਾ- 6100 ਰੁਪਏ ਤੀਜਾ- 5100 ਰੁਪਏ	ਪਹਿਲਾ-5100 ਰੁਪਏ ਦੂਜਾ-4100 ਰੁਪਏ ਤੀਜਾ-3100 ਰੁਪਏ	ਪਹਿਲਾ-4100 ਰੁਪਏ ਦੂਜਾ- 3100 ਰੁਪਏ ਤੀਜਾ-2100 ਰੁਪਏ	ਪਹਿਲਾ-3100 ਰੁਪਏ ਦੂਜਾ-2100 ਰੁਪਏ ਤੀਜਾ- 1500 ਰੁਪਏ	ਪਹਿਲਾ-3100 ਰੁਪਏ ਦੂਜਾ- 2100 ਰੁਪਏ ਤੀਜਾ- 1500 ਰੁਪਏ

ਇੱਕ ਮੁਲਾਕਾਤ: ਗੁਰਜੀਤ ਸਿੰਘ ਪੁਰੇਵਾਲ ਨਾਲ

ਸੰਘਰਸ਼ਸ਼ੀਲ ਲੜਕੀਆਂ ਲਈ ਪ੍ਰੇਰਨਾ ਸਰੋਤ

ਭਾਰਤੀ ਕੁਸ਼ਤੀ ਦੀ ਸ਼ਾਨ-ਨਵਜੋਤ ਕੌਰ

-ਵਰਿੰਦਰ ਸਿੰਘ (ਔਜਲਾ)
ਸੰਪਾਦਕ 'ਮਿਸ਼ਨ' ਮਾਸਿਕ

ਪਹਿਲੇ ਸਮਿਆਂ ਵਿੱਚ ਔਰਤ ਵਰਗ ਨੂੰ ਹਰ ਪੱਖੋਂ ਮਰਦਾਂ ਨਾਲੋਂ ਨੀਵਾਂ ਦੇਖਿਆ ਜਾਂਦਾ ਰਿਹਾ ਅਤੇ ਕਿਸੇ ਵੀ ਲੜਕੀ ਜਾਂ ਔਰਤ ਨੂੰ ਮਰਦਾਂ ਦੀ ਬਰਾਬਰੀ ਕਰਨ ਦਾ ਅਧਿਕਾਰ ਨਹੀਂ ਸੀ। ਪਰ ਹੁਣ ਉਹ ਸਮਾਂ ਆ ਗਿਆ ਹੈ ਜਦੋਂ ਲੜਕੀਆਂ ਤੇ ਔਰਤਾਂ ਖੇਡਾਂ, ਰਾਜਨੀਤੀ ਅਤੇ ਹਰ ਵਰਗ ਵਿਚ ਮਰਦਾਂ ਨਾਲੋਂ ਕਈ ਸਥਾਨਾਂ 'ਚ ਅੱਗੇ ਲੰਘ ਗਈਆਂ ਹਨ। ਮੇਰੇ ਭਾਰਤ ਮਹਾਨ ਨੂੰ ਖੇਡਾਂ ਅੰਦਰ ਤਗਮੇ ਜਿੱਤ ਕੇ ਦਿਵਾਉਣਾ ਵੀ ਕਿਸੇ ਹੋਣਹਾਰ ਲੜਕੀਆਂ ਦੇ ਹਿੱਸੇ ਆਇਆ ਹੈ। ਇਸੇ ਤਰ੍ਹਾਂ ਹੀ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੀ, ਛੋਟੀ ਉਮਰ ਵਿਚ ਹੀ ਵੱਡੀਆਂ ਮੱਲ੍ਹਾਂ ਮਾਰ ਰਹੀ ਅੰਤਰਰਾਸ਼ਟਰੀ ਪੱਧਰ ਦੀ ਰੈਸਲਰ ਨਵਜੋਤ ਕੌਰ ਨੂੰ ਪੰਜਾਬ ਦੀ ਹੋਣਹਾਰ ਧੀ ਹੋਣ ਦਾ ਮਾਣ ਹਾਸਲ ਹੈ। ਨਵਜੋਤ ਕੌਰ ਛੋਟੀ ਉਮਰ ਵਿਚ ਵੱਡੀਆਂ ਮੱਲ੍ਹਾਂ ਮਾਰ ਰਹੀ ਹੈ। ਨਵਜੋਤ ਕੌਰ ਦਾ ਦਾਮਨ ਤਗਮਿਆਂ ਨਾਲ ਭਰ ਰਿਹਾ ਹੈ। ਨਵਜੋਤ ਕੌਰ ਕੋਲ ਮਜ਼ਬੂਤ ਇਰਾਦਾ ਤੇ ਹਿੰਮਤ ਹੈ। ਨਵਜੋਤ ਕੌਰ ਕੋਲ ਸਿੱਖਿਆ ਅਤੇ ਲਿਆਕਤ ਹੈ। ਨਵਜੋਤ ਕੋਲ ਅਨੁਸ਼ਾਸਨ ਤੇ ਹਲੀਮੀ ਹੈ। ਨਵਜੋਤ ਕੌਰ ਪੰਜਾਬ ਦੀਆ ਬਾਕੀ ਲੜਕੀਆਂ ਲਈ ਇਕ ਉਦਾਹਰਣ ਹੈ, ਇਕ ਚਾਨਣ ਮੁਨਾਰਾ ਹੈ। ਉਹ ਆਪਣੀ ਗੇਮ ਦੇ ਨਾਲ-ਨਾਲ ਦੁਨੀਆਂ ਦੀ ਸੈਰ ਕਰ ਰਹੀ ਹੈ। ਉਹ ਆਪਣੇ ਪੱਕੇ ਇਰਾਦਿਆਂ ਦੀ ਗਵਾਹ ਖੁਦ ਹੈ। ਭਾਗ ਤਾਂ ਮਿਹਨਤ ਨੂੰ ਹੀ ਲੱਗਦੇ ਹਨ ਤੇ ਨਵਜੋਤ ਕੋਲ ਸਖ਼ਤ ਮਿਹਨਤ ਦਾ ਇਲਮ ਹੈ। ਉਹ ਹਜ਼ਾਰਾਂ ਵਿੱਚੋਂ ਹੀ ਪਛਾਣੀ ਜਾਂਦੀ ਹੈ। ਨਵਜੋਤ ਕੌਰ ਆਪਣੇ ਮਾਤਾ-ਪਿਤਾ ਦੀ ਹੋਣਹਾਰ ਧੀ ਹੈ। ਨਜਵੋਤ ਉੱਪਰ ਸਮੁੱਚੇ ਪੰਜਾਬੀਆਂ ਨੂੰ ਮਾਣ ਹੈ।

ਨਵਜੋਤ ਕੌਰ ਦਾ ਜਨਮ 10 ਫ਼ਰਵਰੀ 1990 ਨੂੰ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਬਾਗੜੀਆ ਵਿਖੇ ਪਿਤਾ ਸੁਖਚੈਨ ਸਿੰਘ ਦੇ ਘਰ ਮਾਤਾ ਗਿਆਨ ਕੌਰ ਦੀ ਕੁੱਖੋਂ ਹੋਇਆ। ਨਵਜੋਤ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਫਿਰ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ਤੋਂ 10+2 ਕੀਤੀ। (ਬਾਕੀ ਸਫ਼ਾ 5 'ਤੇ)

ਪ੍ਰਮੁੱਖ ਸਹਿਯੋਗੀ

ਕੁਲਤਾਰ ਸਿੰਘ ਪੁਰੇਵਾਲ

ਮਾ: ਜੋਗਾ ਸਿੰਘ ਦੁਸਾਂਝ

ਵਰਿੰਦਰ ਸਿੰਘ (ਔਜਲਾ)
ਸੰਪਾਦਕ 'ਮਿਸ਼ਨ' ਮਾਸਿਕ

ਪ੍ਰਸਿੱਧ ਕੁਮੈਂਟੇਟਰ
ਪ੍ਰੋ: ਮੱਖਣ ਸਿੰਘ ਹਕੀਮਪੁਰ

ਪੁਰੇਵਾਲ ਖੇਡ ਅਕੈਡਮੀ ਹਕੀਮਪੁਰ ਦਾ ਮਾਣ- ਕੋਚ ਸੁਰੇਸ਼ ਮਾਨ

ਮਾ: ਜੋਗਾ ਸਿੰਘ ਦੁਸਾਂਝ

ਪੁਰਾਣੇ ਸਮੇਂ ਤੋਂ ਹੀ ਪਹਿਲਵਾਨੀ ਸਾਡੇ ਦੇਸ਼ ਵਿਚ ਕਾਫ਼ੀ ਪ੍ਰਚਲਿਤ ਹੈ। ਪਹਿਲਵਾਨੀ ਲੜਾਈ ਦੀ ਇਕ ਕਲਾ ਹੈ ਜਿਸ ਰਾਹੀਂ ਤਕੜੇ ਦੇ ਬਲ ਦਾ ਪਤਾ ਲੱਗਦਾ ਹੈ। ਅੱਜ ਕੱਲ੍ਹ ਪਹਿਲਵਾਨੀ ਅੰਤਰ-ਰਾਸ਼ਟਰੀ ਖੇਡ ਹੈ। ਪੰਜਾਬ ਵਿੱਚ ਵੀ ਪਹਿਲਵਾਨੀ ਦੀ ਮਹੱਤਤਾ ਕਿਸੇ ਤੋਂ ਗੁੱਝੀ ਨਹੀਂ। ਪੰਜਾਬ ਵਿੱਚ ਕੁਸ਼ਤੀ ਮਿੱਟੀ ਦੇ ਅਖਾੜਿਆਂ ਵਿੱਚ ਅਤੇ ਹੁਣ ਗੱਦਿਆਂ ਦੇ ਉੱਪਰ ਹੁੰਦੀ ਹੈ। ਅੱਜ ਵੀ ਖੇਡ ਮੇਲਿਆਂ ਤੇ ਕੁਸ਼ਤੀ ਅਖਾੜਿਆਂ ਵਿੱਚ ਪਹਿਲਵਾਨਾਂ ਦੇ ਘੋਲ ਵੇਖੇ ਜਾ ਸਕਦੇ ਹਨ। ਅਸੀਂ ਦੁਆਬੇ ਦੇ ਪ੍ਰਸਿੱਧ ਪਿੰਡ ਹਕੀਮਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪੁਰੇਵਾਲ ਖੇਡ ਅਕੈਡਮੀ ਦੇ ਕੋਚ ਸੁਰੇਸ਼ ਮਾਨ ਬਾਰੇ ਜ਼ਿਕਰ ਕਰ ਰਹੇ ਹਾਂ। ਜੋ ਕਿ ਇੱਥੇ ਪਹਿਲਵਾਨਾਂ ਨੂੰ ਅੰਤਰ-ਰਾਸ਼ਟਰੀ ਨਿਯਮਾਂ ਅਨੁਸਾਰ ਸਿਖਲਾਈ ਦੇ ਰਹੇ ਹਨ। ਇੱਥੇ ਪੁਰੇਵਾਲ ਭਰਾਵਾਂ ਨੇ ਆਪਣੇ ਪਿਤਾ ਸਵ: ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡ ਅਕੈਡਮੀ ਬਣਾਈ ਹੈ। ਜਿੱਥੇ ਇਲਾਕੇ ਦੇ ਨੌਜਵਾਨਾਂ ਨੂੰ ਕੁਸ਼ਤੀ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਇੱਥੋਂ ਦੇ ਨੌਜਵਾਨ ਪਹਿਲਵਾਨ ਆਪਣੇ ਇਲਾਕੇ ਦਾ ਦੇਸ਼ ਵਿਦੇਸ਼ ਵਿਚ ਨਾਮ ਰੌਸ਼ਨ ਕਰ ਸਕਣ।

ਕੁਸ਼ਤੀ ਕੋਚ ਸੁਰੇਸ਼ ਮਾਨ ਦੀਆਂ ਪ੍ਰਾਪਤੀਆਂ ਦੀ ਲਿਸਟ ਬਹੁਤ ਲੰਬੀ ਹੈ। ਉਨ੍ਹਾਂ ਨੇ ਵਰਲਡ ਚੈਂਪੀਅਨਸ਼ਿਪ ਵਿਚ ਸਿਵਲਰ ਮੈਡਲ 1992 ਵਿੱਚ ਤੁਰਕੀ ਦੇ ਸ਼ਹਿਰ (ਇਸਤਬੁਲ) 'ਚ ਪ੍ਰਾਪਤ ਕੀਤਾ। ਆਲ ਇੰਡੀਆ ਇੰਟਰ ਯੂਨੀਵਰਸਿਟੀ ਤਿੰਨ ਵਾਰ ਚੈਂਪੀਅਨ ਰਿਹਾ ਅਤੇ ਗੋਲਡ ਮੈਡਲ ਜਿੱਤਿਆ। 5 ਵਾਰੀ ਆਲ ਇੰਡੀਆ ਸਕੂਲ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ। NI.S. ਦਾ ਕੋਰਸ ਪਟਿਆਲਾ 1999 ਵਿੱਚ ਕੀਤਾ ਉਥੇ ਵੀ ਗੋਲਡ ਮੈਡਲ ਜਿੱਤਿਆ। ਅੱਜ ਕੱਲ੍ਹ ਉਹ ਸਰਕਾਰ ਵੱਲੋਂ ਪੁਰੇਵਾਲ ਖੇਡ ਅਕੈਡਮੀ ਹਕੀਮਪੁਰ ਵਿਖੇ ਨਵੇਂ ਪਹਿਲਵਾਨਾਂ ਨੂੰ ਟ੍ਰੇਨਿੰਗ ਦੇ ਰਹੇ ਹਨ। ਉਨ੍ਹਾਂ ਦਾ ਇਹ ਹੀ ਕਹਿਣਾ ਹੈ ਕਿ ਲੋਕ ਆਪਣੇ-ਆਪਣੇ ਬੱਚਿਆਂ ਨੂੰ ਇਸ ਅਕੈਡਮੀ ਵਿੱਚ ਭੇਜਣ। ਕੁਸ਼ਤੀਆਂ ਵੱਲ ਪ੍ਰੇਰਿਤ ਕਰ ਕੇ ਆਪਣਾ ਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੇਰੀਆਂ ਜੋ ਪਹਿਲਵਾਨੀ ਦੇ ਖੇਤਰ ਵਿੱਚ ਅੱਜ ਪ੍ਰਾਪਤੀਆਂ ਹਨ ਕੁਸ਼ਤੀ ਕਰ ਕੇ ਹੀ ਹਨ। ਅੱਜ ਜ਼ਮਾਨ ਗੱਦੇ ਵਾਲੀ ਕੁਸ਼ਤੀਆਂ ਦਾ ਹੈ। ਗੱਦੇ ਵਾਲੀਆਂ ਕੁਸ਼ਤੀਆਂ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਹਨ ਉਨ੍ਹਾਂ ਤੋਂ ਹੀ ਪਹਿਲਵਾਨਾਂ ਦਾ ਚੰਗਾ ਭਵਿੱਖ, ਮਾਨ ਸਨਮਾਨ, ਦੇਸ਼ਾਂ-ਵਿਦੇਸ਼ਾਂ ਵਿੱਚ ਮੁਕਾਬਿਲਆਂ ਲਈ ਜਾਣ ਦਾ ਮੌਕਾ ਮਿਲਦਾ ਹੈ। ਮੈਂ ਤਾਂ ਇਲਾਕੇ ਦੇ ਸਮੂਹ ਲੋਕਾਂ ਨੂੰ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਬੱਚਿਆਂ ਨੂੰ ਬੁਰੀਆਂ ਆਦਤਾਂ ਜਾਂ ਨਸ਼ਿਆਂ ਤੋਂ ਹਟਾਉਣਾ ਹੈ ਤਾਂ ਅਕੈਡਮੀ ਵਿੱਚ ਆ ਕੇ ਫਾਇਦਾ ਲੈਣਾ ਚਾਹੀਦਾ ਹੈ ਤਾਂ ਕਿ ਬੱਚੇ ਆਪਣੇ ਮਾਂ-ਬਾਪ ਦਾ ਨਾਮ ਰੌਸ਼ਨ ਕਰ ਸਕਣ।